SIR

ਦਫਤਰ ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟਰੇਸ਼ਨ ਅਫਸਰ
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ
OFFICE OF THE SUB DIVISIONAL MAGISTRATE-Cum-ELECTORAL REGISTRATION OFFICE
90-RAMPURA PHUL A.C.
Phone No.01651-248225 Fax No. 01651-248025 E-mail: ero90rampuraphul@gmail.com
ਜਿੰਮੇਵਾਰ ਬਣੋ, ਵੋਟਰ ਬਣੋ ਜਿੰਮੇਵਾਰ ਬਣੋ, ਵੋਟਰ ਬਣੋ

ਡੀ-1
2026110362
21/9/2026

ਪੱਤਰ ਨੰ: ਚੋਣਾਂ/2026/2404 ਮਿਤੀ 01-09-2026

ਵੱਲ,

ਸਮੂਹ ਸੁਪਰਵਾਇਜਰ,
090-ਵਿਧਾਨ ਸਭਾ ਚੋਣ ਹਲਕਾ,
ਰਾਮਪੁਰਾ ਫੂਲ।

ਵਿਸ਼ਾ: Conduct of Special Camp on all Polling Booths for Electoral Services Under SIR-2026 on 6th September 2026 (Sunday)

ਹਵਾਲਾ: ਮੁੱਖ ਚੋਣ ਅਫਸਰ ਪੰਜਾਬ, ਚੰਡੀਗੜ ਜੀ ਦੇ ਪੱਤਰ ਨੰ: Elec-2026/SVEEP/8662- Dated 01.09.2026 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀ ਆਪ ਨੂੰ ਲਿਖਿਆ ਜਾਂਦਾ ਹੈ ਕਿ 90-ਹਲਕਾ ਰਾਮਪੁਰਾ ਫੂਲ ਅਧੀਨ ਕੰਮ ਕਰ ਰਹੇ ਬੀ.ਐਲ.ਓ. ਦੁਆਰਾ Enrolling All Citizen and facilitating electors for all electoral services ਤਹਿਤ 06 ਸਤੰਬਰ 2026 ਨੂੰ ਦਿਨ ਐਤਵਾਰ, ਸਮਾਂ 10.00 ਵਜੇ ਸਵੇਰ ਤੋਂ 4.00 ਵਜੇ ਸਾਮ ਤੱਕ ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ ਤੇ ਸਪੈਸ਼ਲ ਕੈਂਪ ਲਗਾਇਆ ਜਾਣਾ ਹੈ। ਇਸ ਕੈਂਪ ਦੌਰਾਨ ਆਪ ਨੂੰ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਸਾਰੇ ਬੀ.ਐਲ.ਓ. ਦਾ ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ ਤੇ ਸਮਾਂ ਸਵੇਰ 10.00 ਵਜੇ ਤੋਂ ਸ਼ਾਮ 4.00 ਵਜੇ ਤੱਕ ਹਾਜਰ ਹੋਣਾ ਲਾਜ਼ਮੀ ਹੈ।
2. ਯੋਗ ਨਾਗਰਿਕਾਂ ਦੇ ਫਾਰਮ ਨੰਬਰ 6, 6ਏ, ਅਤੇ 8 ਸਮੇਤ ਘੋਸ਼ਣਾ ਪੱਤਰ/ਯੋਗ ਦਸਤਾਵੇਜਾਂ ਨਾਲ ਭਰੇ ਜਾਣ।
3. ਆਪਣੇ ਪੋਲਿੰਗ ਸਟੇਸ਼ਨਾਂ ਦੇ ਬੀ.ਐਲ.ਏ. ਨੂੰ ਸਪੈਸ਼ਲ ਕੈਂਪ ਸਬੰਧੀ ਅਡਵਾਂਸ ਵਿੱਚ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਵੱਧ ਤੋਂ ਵੱਧ ਜਨਤਕ ਭਾਗੀਦਾਰੀ ਹੋ ਸਕੇ।
4. ਨੌਜਵਾਨ ਵੋਟਰਾਂ (ਉਮਰ 18-19) ਦੀ ਇਨਰੋਲਮੈਂਟ ਕਰਨੀ ਯਕੀਨੀ ਬਣਾਈ ਜਾਵੇ।
5. ਪੀ.ਡਬਲਯੂ.ਡੀ. ਵੋਟਰਾਂ ਦੀ ਮਾਰਕਿੰਗ ਲਈ ਫਾਰਮ ਨੰਬਰ 8 ਭਰਿਆ ਜਾਵੇ।

ਇਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਪੈਸ਼ਲ ਕੈਂਪ ਵਾਲੇ ਦਿਨ ਆਪਣੇ ਆਪਣੇ ਅਧੀਨ ਆਉਂਦੇ ਪੋਲਿੰਗ ਸਟੇਸ਼ਨਾਂ ਤੇ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਵਾਈ ਜਾਵੇ ਅਤੇ ਬੀ.ਐਲ.ਓ. ਦੀ ਹਾਜਰੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
90-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ
-ਕਮ-ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਫੂਲ।

ਪਿੱਠ ਅੰਕਣ ਨੰ. ਚੋਣਾਂ/2026/2405-09. ਮਿਤੀ. 01-09-2026

ਉਤਾਰਾ:

1) ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।
2) ਨਾਇਬ ਤਹਿਸੀਲਦਾਰ ਰਾਮਪੁਰਾ ਫੂਲ / ਭਗਤਾ ਭਾਈਕਾ ਅਤੇ
3) ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ-2 ਕਮ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਫੂਲ।
ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਪੈਸ਼ਲ ਕੈਂਪ ਵਾਲੇ ਦਿਨ ਪੋਲਿੰਗ ਸਟੇਸ਼ਨਾਂ ਤੋਂ ਬੀ.ਐਲ.ਓ. ਦੀ ਹਾਜਰੀ ਚੈੱਕ ਕੀਤੀ ਜਾਵੇ।
4) ਜਿਲ੍ਹਾ ਸਿੱਖਿਆ ਅਫਸਰ(ਸੈਂ.ਸਿੱ/ਐ.ਸਿੱ) ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਪੈਸ਼ਲ ਕੈਂਪ ਵਾਲੇ ਦਿਨ ਆਪ ਅਧੀਨ ਹਲਕਾ-90 ਰਾਮਪੁਰਾ ਫੂਲ ਦੀਆਂ ਸਕੂਲਾਂ ਦੀਆਂ ਬਿਲਡਿੰਗਾਂ ਖੁੱਲੀਆਂ ਰੱਖੀਆਂ ਜਾਣ।
5) ਕਾਰਜ ਸਾਧਕ ਅਫਸਰ, ਨਗਰ ਪਾਲਿਕਾ ਰਾਮਪੁਰਾ ਫੂਲ ਅਤੇ ਨਗਰ ਪੰਚਾਇਤ ਮਹਿਰਾਜ/ ਮਲੂਕਾ/ ਭਾਈਰੂਪਾ/ ਭਗਤਾ ਭਾਈਕਾ/ ਕੋਠਾ ਗੁਰੂ।
ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਪੈਸ਼ਲ ਕੈਂਪ ਬਾਰੇ ਪ੍ਰੈਸ ਨੋਟ, ਸਪੈਸ਼ਲ ਮੁਨਾਦੀ, ਅਤੇ ਹੋਰ ਮਾਧਿਅਮ ਰਾਹੀ ਵਿਸ਼ੇਸ਼ ਪ੍ਰਚਾਰ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਲੋਕ ਕੈਂਪ ਵਿੱਚ ਸ਼ਾਮਲ ਹੋ ਸਕਣ।

ਚੋਣਕਾਰ ਰਜਿਸਟਰੇਸ਼ਨ ਅਫਸਰ,
90-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ
-ਕਮ-ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਫੂਲ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 1239 ਮਿਤੀ: 02/09/26

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

02/09/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

Scanned with OKEN Scanner